# ਦਫਤਰ - ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਿਟੀ, ਫਰੀਦਕੋਟ।

ਸੇਵਾ ਵਿਖੇ,

ਸਟੇਟ ਟਰਾਂਸਪੋਰਟ ਕਮਿਸ਼ਨਰ,

ਪੰਜਾਬ,ਚੰਡੀਗੜ੍ਹ

ਨੰ./ਆਰ.ਟੀ.ਏ/ਐਫ.ਡੀ.ਕੇ. 3058 ਮਿਤੀ: 19-1-2023

ਵਿਸ਼ਾ:- ਸੜਕ ਸੁਰੱਖਿਆ ਹਫਤਾ (11.01.2023 ਤੋ 17.01.2023) ਮਨਾਉਣ ਸੰਬੰਧੀ।

ਹਵਾਲਾ:- ਆਪ ਜੀ ਦੇ ਦਫਤਰ ਦਾ ਪੱਤਰ ਨੰਬਰ ਸਟਕ/603-707 ਮਿਤੀ 11.01.2023 ਦੇ ਹਵਾਲੇ ਵਿੱਚ।

ਉਪਰੋਕਤ ਵਿਸ਼ਾ ਅੰਕਿਤ ਮਾਮਲੇ ਸਬੰਧੀ ਸੜਕ ਸੁਰੱਖਿਆ ਹਫਤਾ ਮਨਾਉਣ ਦੇ ਸੰਬੰਧ ਵਿਚ ਸਕੱਤਰ ਰਿਜ਼ਨਲ ਟਰਾਂਸਪੋਰਟ ਅਥਾਰਟੀ,ਫਰੀਦਕੋਟ, ਪੁਲਿਸ ਵਿਭਾਗ ਅਤੇ ਸਿਖਿਆ ਵਿਭਾਗ ਵੱਲੋ ਫਰੀਦਕੋਟ ਵਿੱਚ ਸੜਕ ਸੁਰੱਖਿਆ ਸੰਬੰਧੀ ਜਾਗਰੂਕਤਾ ਮਾਰਚ ਟਰੈਫਿਕ ਸੁਰੱਖਿਆ ਬੈਨਰਾ ਨਾਲ ਕੱਢਿਆ ਗਿਆ।ਇਸ ਜਾਗਰੂਕਤਾ ਮਾਰਚ ਵਿਚ ਬੱਚਿਆ ਨੂੰ ਟ੍ਰੈਫਿਕ ਨਿਯਮਾ ਸੰਬੰਧੀ ਜਾਗਰੂਕ ਕੀਤਾ ਗਿਆ । ਸਕੂਲੀ ਬੱਚਿਆ ਨੂੰ ਡਰਾਇਵਿੰਗ ਟੈਸਟ ਟਰੈਕ ਅਤੇ ਟਰੈਕ ਤੇ ਬਣੇ ਟਰੈਫਿਕ ਸਾਇਨਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ। ਬੱਚਿਆ ਨੂੰ ਟਰੈਫਿਕ ਸਾਇਨਾ ਦੇ ਪਰਚੇ ਵੀ ਵੰਡੇ ਗਏ।

ਨਾਲ ਨੱਥੀ ਫੋਟੋਆ ।

ਸਕੱਤਰ,
ਰਿਜਨਲ ਟਰਾਂਸਪੋਰਟ ਅਥਾਰਟੀ,
ਫਰੀਦਕੋਟ।

ਨੰ./ਆਰ.ਟੀ.ਏ/ਐਫ.ਡੀ.ਕੇ. 3059 ਮਿਤੀ: 19-1-2023

ਉਪਰੋਕਤ ਦਾ ਉਤਾਰਾ ਮਾਨਯੋਗ ਡਿਪਟੀ ਕਮਿਸ਼ਨਰ ਫਰੀਦਕੋਟ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਦਾ ਹੈ।

ਸਕੱਤਰ,
ਰਿਜਨਲ ਟਰਾਂਸਪੋਰਟ ਅਥਾਰਟੀ,
ਫਰੀਦਕੋਟ।

Scanned with CamScanner

# ਸਟੇਟ ਟਰਾਂਸਪੋਰਟ ਕਮਿਸ਼ਨਰ ਅਤੇ ਪੁਲਿਸ ਵਿਭਾਗ ਨੇ 11 ਜਨਵਰੀ ਤੋਂ 17 ਜਨਵਰੀ ਤੱਕ ਮਨਾਇਆ ਸੜਕ ਸੁਰੱਖਿਆ ਸਪਤਾਹ ।

## ਸਕੂਲੀ ਬੱਚਿਆਂ ਨੇ ਜਾਗਰੂਕਤਾ ਰੈਲੀ ਵਿੱਚ ਲਿਆ ਹਿੱਸਾ।




ਫਰੀਦਕੋਟ 17 ਜਨਵਰੀ ( ਰਜਿੰਦਰ ਅਰੋੜਾ ) ਮਾਨਯੋਗ ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ ਚੰਡੀਗੜ੍ਹ ਜੀ ਦੇ ਹੁਕਮਾਂ ਅਨੁਸਾਰ ਅਤੇ ਆਰ ਟੀ ਏ ਸ੍ਰੀ ਰਾਜਪਾਲ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 11 ਜਨਵਰੀ ਤੋਂ 17 ਜਨਵਰੀ ਤੱਕ ਸੜਕ ਸੁਰੱਖਿਆ ਸਪਤਾਹ ਮਨਾਇਆ ਗਿਆ, ਜਿਸ ਵਿੱਚ ਕਮਰਸ਼ੀਅਲ ਵਹੀਕਲਾਂ ਦੀ ਚੈਕਿੰਗ, ਕੰਡਕਟਰਾਂ-ਡਰਾਈਵਰਾਂ ਦੀਆ ਅੱਖਾਂ ਦੀ ਰੌਸ਼ਨੀ ਦੀ ਜਾਂਚ, ਰਿਫਲੈਕਟਰ, ਅਤੇ ਬੱਚਿਆਂ ਨੂੰ ਟ੍ਰੈਫਿਕ ਦੇ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ, ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਆਰ ਟੀ ਏ ਦਫ਼ਤਰ ਦੇ ਸ਼੍ਰੀ ਨਵਦੀਪ ਸਿੰਘ, ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਮਾਨਯੋਗ ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ ਚੰਡੀਗੜ੍ਹ ਅਤੇ ਡੀ ਜੀ ਪੀ ਪੰਜਾਬ ਚੰਡੀਗੜ੍ਹ ਜੀ ਦੇ ਹੁਕਮਾਂ ਅਨੁਸਾਰ 11 ਜਨਵਰੀ ਤੋਂ 17 ਜਨਵਰੀ ਤੱਕ ਸੜਕ ਸੁਰੱਖਿਆ ਸਪਤਾਹ ਮਨਾਇਆ ਗਿਆ ਜਿਸ ਵਿੱਚ ਲੋਕਾਂ ਨੂੰ ਸੜਕੀ ਦੁਰਘਟਨਾਵਾਂ ਬਾਰੇ ਜਾਗਰੂਕ ਕੀਤਾ ਗਿਆ, ਇਹ ਸਪਤਾਹਿਕ ਜਾਗਰੁਕਤਾ ਰੈਲੀ ਸਕੂਲੀ ਬੱਚਿਆਂ ਨੂੰ ਨਾਲ ਲੈ ਕੇ ਮਿੰਨੀ ਸਕੱਤਰੇਤ ਤੋਂ ਲੈ ਕੇ ਭਾਈ ਘਨੱਈਆ ਚੌਂਕ ਤੱਕ ਕੱਢੀ ਗਈ, ਤਾਂ ਜ਼ੋ ਲੋਕਾਂ ਨੂੰ ਇਸ ਬਾਰੇ ਜਾਗਰੂਕ ਕੀਤਾ ਜਾਵੇ, ਭਾਈ ਘਨੱਈਆ ਚੌਂਕ ਵਿੱਚ ਆਰ ਟੀ ਏ ਦਫ਼ਤਰ ਦੇ ਕਰਮਚਾਰੀਆਂ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੇ ਵੱਡੇ ਵਾਹਨਾਂ ਦੀ ਚੈਕਿੰਗ ਕੀਤੀ ਅਤੇ ਵਾਹਨਾਂ ਤੇ ਰਿਫਲੈਕਟਰ ਵੀ ਲਗਾਏ, ਤੇ ਜ਼ੋ ਦੂਰੋਂ ਆਉਂਦੇ ਵਾਹਨਾਂ ਦਾ ਪਤਾ ਲੱਗ ਸਕੇ, ਇਸ ਮੌਕੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਵੀ ਸੜਕੀ ਨਿਯਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਤਾਂ ਜ਼ੋ ਐਕਸੀਡੈਂਟਾਂ ਤੋਂ ਬਚਾਅ ਹੋ ਸਕੇ, ਇਸ ਮੌਕੇ ਉਨ੍ਹਾਂ ਨਾਲ ਆਰ ਟੀ ਏ ਦਫ਼ਤਰ ਦੇ ਕਰਮਚਾਰੀ, ਪੁਲਿਸ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਸਕੂਲੀ ਬੱਚੇ ਅਤੇ ਸ਼ਹਿਰ ਵਾਸੀ ਹਾਜ਼ਰ ਸਨ।


ਤੁਹਾਡੀ ਕੀਤੀ ਛੋਟੀ ਜਿਹੀ ਜਲਦਬਾਜ਼ੀ
ਵੱਡੀ ਦੁਰਘਟਨਾ ਨੂੰ ਸੱਦਾ ਦੇ ਸਕਦੀ ਹੈ।
ਤੇਜ਼ ਰਫ਼ਤਾਰੀ ਆਤਮ ਹੱਤਿਆ
ਦੀ ਤਿਆਰੀ
ਸੜਕ ਸੁਰੱਖਿਆ ਸਪਤਾਹ
ਹੈਲਮੇਟ ਦੀ ਵਰਤੋਂ ਜ਼ਰੂਰੀ ਕਰੋ।
ਮਿਤੀ: 11 ਜਨਵਰੀ ਤੋਂ
17 ਜਨਵਰੀ 2023
ਸ਼ਰਾਬ ਪੀ ਕੇ ਗੱਡੀ ਨਾ ਚਲਾਓ
ਸੜਕ ਸੁਰੱਖਿਆ ਸਪਤਾਹ
ਹੈਲਮੇਟ ਦੀ ਵਰਤੋਂ ਜ਼ਰੂਰੀ ਕਰੋ।
ਮਿਤੀ: 11 ਜਨਵਰੀ ਤੋਂ
17 ਜਨਵਰੀ 2023
ਸ਼ਰਾਬ ਪੀ ਕੇ ਗੱਡੀ ਨਾ ਚਲਾਓ
ਵੱਲੋਂ: ਟਰਾਂਸਪੋਰਟ ਵਿਭਾਗ ਦਫ਼ਤਰ ਸਕੱਤਰ ਰਿਜਨਲ ਟਰਾਂਸਪੋਰਟ
ਅਥਾਰਟੀ ਫਰੀਦਕੋਟ
ਹਫਤਾ
PUMA




ਰੋਡ ਸੇਫਟੀ ਹਫਤਾ
ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰੋ
ਵੱਲੋ: ਸੀਨੀਅਰ ਪੁਲਿਸ ਕਪਤਾਨ ਫਰੀਦਕੋਟ




ਤੁਹਾਡੀ ਕੀਤੀ ਛੋਟੀ ਜਿਹੀ ਜਲਦਬਾਜੀ
ਰੋਡ ਸੇਫਟੀ ਹਫਤਾ
ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰੋ
ਵੱਲੋਂ: ਸੀਨੀਅਰ ਪੁਲਿਸ ਕਪਤਾਨ ਫ਼ਰੀਦਕੋਟ


NO ENTRY




NO ENTRY